**BCM School Basant Avenue Dugri ludhiana**

**Class -XI**

**Subject -Punjabi (104)**

**Assignment**

1.ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਵਿਕਲਪ ਅੱਗੇ ਦਾ ਨਿਸ਼ਾਨ ਲਾਓ।

ਗੁਰੂ ਅਰਜਨ ਦੇਵ ਜੀ ਸਿੱਖ ਪੰਥ ਦੇ ਮਹਾਨ ਉਸਰੱਈਏ ਸਨ, ਜਿਨ੍ਹਾਂ ਨੇ ਆਪਣੇ ਅਣਥੱਕ ਯਤਨਾਂ ਦੁਆਰਾ ਸਿੱਖਾਂ ਦੇ ਮਹਾਨ ਧਾਰਮਿਕ ਗ੍ਰੰਥ ਨੂੰ ਸੰਪਾਦਿਤ ਕੀਤਾ ਅਤੇ ਇਸ ਅਰਸ਼ੀ ਬਾਣੀ ਨੂੰ ਹਰ ਤਰ੍ਹਾਂ ਦੇ ਰੋਲੇ ਤੋਂ ਬਚਾਇਆ।ਆਪ ਨੇ ਸਿੱਖਾਂ ਵਿੱਚ ਦਸਵੰਧ ਕੱਢਣ ਦੀ ਪ੍ਰਥਾ ਚਲਾਈ। ਇਹ ਰਕਮ ਮਸੰਦਾਂ ਰਾਹੀਂ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਪੁਚਾਈ ਜਾਂਦੀ ਸੀ, ਜਿਸ ਨਾਲ ਆਪ ਭਵਨ ਉਸਾਰੀ ਆਦਿ ਦੇ ਕੰਮ ਕਰਿਆ ਕਰਦੇ ਸਨ। ਆਪ ਨੇ 1599 ਈ: ਨੂੰ ਅੰਮ੍ਰਿਤਸਰ ਵਿੱਚ ਅੰਮ੍ਰਿਤ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਨੂੰ ਬਣਵਾਇਆ। ਆਪ ਨੇ ਸਿੱਖੀ ਪ੍ਰਚਾਰ ਕਰਦਿਆਂ ਤਰਨਤਾਰਨ (ਜ਼ਿਲ੍ਹਾ ਅੰਮ੍ਰਿਤਸਰ), ਕਰਤਾਰਪੁਰ (ਜ਼ਿਲ੍ਹਾ ਜਲੰਧਰ) ਤੋਂ ਇਲਾਵਾ ਸ੍ਰੀ ਹਰਿਗੋਬਿੰਦਪੁਰ (ਜ਼ਿਲ੍ਹਾ ਗੁਰਦਾਸਪੁਰ) ਆਦਿ ਨਗਰਾਂ ਨੂੰ ਵਸਾਇਆ। ਆਪ ਨੇ ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੇ ਧਰਮ 'ਤੇ ਚਲਦਿਆਂ ਹੋਇਆਂ ਨਾ ਕੇਵਲ ਆਪਣਾ 'ਉਪਦੇਸ਼ ਚਹੁੰ ਵਰਨਾਂ ਕਉ ਸਾਂਝਾ' ਦਿੱਤਾ, ਸਗੋਂ ਸਿੱਖਾਂ ਦੇ ਮਹਾਨ ਮੰਦਰ, ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਫ਼ਕੀਰ ਮੀਆਂ ਮੀਰ ਪਾਸੇ ਰਖਵਾਈ। ਆਪ ਰੋਗੀਆਂ ਦੇ ਦਰਦੀ ਸਨ। ਆਪ ਨੇ ਕੋਹੜੀਆਂ ਦੀ ਦੇਖ-ਭਾਲ ਲਈ ਤਰਨਤਾਰਨ ਵਿੱਚ ਇੱਕ ਆਸ਼ਰਮ ਖੋਲ੍ਹਿਆ, ਜੋ ਹੁਣ ਤੀਕ ਚੱਲ ਰਿਹਾ ਹੈ।

ਪ੍ਰਸ਼ਨ 1. ਸਿੱਖ ਪੰਥ ਦੇ ਮਹਾਨ ਉਸਰੱਈਏ ਕਿਨ੍ਹਾਂ ਨੂੰ ਕਿਹਾ ਗਿਆ ਹੈ ?

(ੳ) ਗੁਰੂ ਅਰਜਨ ਦੇਵ ਜੀ

(ਅ) ਮੀਆਂ ਮੀਰ ਜੀ

(ੲ) ਗੁਰੂ ਨਾਨਕ ਦੇਵ ਜੀ

(ਸ) ਗੁਰੂ ਹਰਿਗੋਬਿੰਦ ਸਾਹਿਬ ਜੀ

ਪ੍ਰਸ਼ਨ 2. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਮਹਾਨ ਕਾਰਜ ਕਿਹੜਾ ਕੀਤਾ ?

(ੳ) ਨਗਰ ਵਸਾਏ

(ਅ) ਸੁਖਮਨੀ ਸਾਹਿਬ ਦੀ ਰਚਨਾ

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ

(ਸ) ਆਸ਼ਰਮ ਖੋਲ੍ਹੇ

ਪ੍ਰਸ਼ਨ 3. ਦਸਵੰਧ ਦੀ ਰਕਮ ਕਿੱਥੇ ਪਹੁੰਚਾਈ ਜਾਂਦੀ ਸੀ ?

(ੳ) ਤਰਨਤਾਰਨ

(ਅ) ਕਰਤਾਰਪੁਰ

(ੲ) ਅੰਮ੍ਰਿਤਸਰ

(ਸ) ਹੁਸ਼ਿਆਰਪੁਰ

ਪ੍ਰਸ਼ਨ 4. ਦਸਵੰਧ ਦੀ ਰਕਮ ਕਿਸ ਕਾਰਜ ਵਾਸਤੇ ਵਰਤੀ ਜਾਂਦੀ ਸੀ ?

(ੳ) ਲੰਗਰ ਵਾਸਤੇ

(ਅ) ਤਨਖ਼ਾਹ ਵਾਸਤੇ

(ੲ) ਭਵਨ ਉਸਾਰੀ ਲਈ

(ਸ) ਆਸ਼ਰਮ ਦੀ ਸੰਭਾਲ ਵਾਸਤੇ

ਪ੍ਰਸ਼ਨ 5. ਗੁਰੂ ਜੀ ਨੇ ਤਰਨਤਾਰਨ ਵਿਖੇ ਕਿਹੜਾ ਆਸ਼ਰਮ ਖੋਲ੍ਹਿਆ ?

(ੳ) ਬਿਰਧ ਆਸ਼ਰਮ

(ਅ) ਵਿਧਵਾ ਆਸ਼ਰਮ

(ੲ) ਬੇਸਹਾਰਿਆਂ ਲਈ

(ਸ) ਕੋਹੜੀਆਂ ਦੀ ਦੇਖ ਭਾਲ ਲਈ

ਪ੍ਰਸ਼ਨ 6. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਕੋਲੋਂ ਰਖਵਾਈ ?

(ੳ) ਸਾਈਂ ਮੀਆਂ ਮੀਰ ਜੀ ਕੋਲੋਂ

(ਅ) ਸੰਗਤਾਂ ਕੋਲੋਂ

(ੲ) ਸ੍ਰੀ ਗੁਰੂ ਰਾਮਦਾਸ ਜੀ ਕੋਲੋਂ

(ਸ) ਗੁਰੂ ਜੀ ਨੇ ਆਪ ਹੀ ਰੱਖੀ

ਪ੍ਰਸ਼ਨ 7. ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ੳ) ਸ੍ਰੀ ਹਰਿਮੰਦਰ ਸਾਹਿਬ

(ਅ) ਦਸਵੰਧ ਦੀ ਮਹਾਨਤਾ

(ੲ) ਮਹਾਨ ਉਸਰੱਈਏ ਸ੍ਰੀ ਗੁਰੂ ਅਰਜਨ ਦੇਵ ਜੀ

(ਸ) ਸ੍ਰੀ ਗੁਰੂ ਅਰਜਨ ਦੇਵ ਜੀ

2. ਕਿਸੇ ਇੱਕ ਵਿਸ਼ੇ ਉੱਪਰ ਪੱਤਰ ਰਚਨਾ ਲਿਖੋ-

ਮੋਬਾਈਲ ਰਾਹੀਂ ਹੋ ਰਹੀਆਂ ਠੱਗੀਆਂ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

ਜਾਂ

ਕਿਸਾਨਾਂ ਵੱਲੋਂ ਨਾੜ ਨੂੰ ਅੱਗ ਲਾਉਣ ਕਾਰਨ ਹੋਣ ਵਾਲੇ ਨੁਕਸਾਨਾਂ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

3.ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200-250 ਸ਼ਬਦਾਂ ਵਿੱਚ ਲੇਖ ਲਿਖੋ।

ਵਧਦੀ ਅਬਾਦੀ: ਗੰਭੀਰ ਚੁਣੌਤੀ

ਜਾਂ

ਨਸ਼ੇ ਇੱਕ ਕੋਹੜ

4. ਤੁਹਾਡੇ ਇਲਾਕੇ ਵਿੱਚ ਇੱਕ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਲੱਗ ਰਿਹਾ ਹੈ ਜਿਸ ਸੰਬੰਧੀ ਅਖਬਾਰ ਵਿੱਚ ਦੇਣ ਲਈ ਇੱਕ ਇਸ਼ਤਿਹਾਰ ਤਿਆਰ ਕਰੋ।

5. ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਪੰਜਾਬੀ ਅਨੁਵਾਦ ਲਿਖੋ :

Approximate, Capital, Delay regretted, Head office,Formal approval, Employee

6. ਵਾਕ ਅਨੁਵਾਦ

1.Please issue me a gift check worth rupees 501 and debit the amount from my saving account.

2.Crossing the railway track is prohibited.

3.Post office savings bank is a useful scheme for salaried persons.

4.Nowadays vehicle insurance is also necessary.

7. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ-

ਖ਼ੂਨ ਸਫੈਦ ਹੋਣਾ, ਆਪਣੇ ਤਰਕਸ ਵਿੱਚ ਤੀਰ ਹੋਣਾ, ਜੀਭ ‘ਤੇ ਜਿੰਦਰਾ ਲਾਉਣਾ

8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ-

1.ਸਾਡਾ ਚਿੜੀਆਂ ਦਾ ਚੰਬਾ ਸੁਹਾਗ ਵਿੱਚ ਬਾਬਲ ਅਤੇ ਧੀ ਦੇ ਵਿਚਕਾਰ ਕਿਹੜੀ ਵਾਰਤਾਲਾਪ ਹੋਈ ?

2. ਸਿੱਠਣੀਆਂ ਵਿੱਚ ਹਾਸੇ ਮਜ਼ਾਕ ਲਈ ਕਿਹੋ ਜਿਹੇ ਵਿਸ਼ੇ ਚੁਣੇ ਜਾਂਦੇ ਹਨ?

3.ਟੱਪਿਆਂ ਦੇ ਵਿੱਚ ਕਿਹੜੇ ਕਿਹੜੇ ਮਨੁੱਖੀ ਰਿਸ਼ਤਿਆਂ ਨੂੰ ਵਿਸ਼ਾ ਬਣਾਇਆ ਗਿਆ ਹੈ?

9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ-

1. ਲੂਣਾ ਨੇ ਆਪਣੇ ਗੁਨਾਹ ਦਾ ਇਕਬਾਲ ਕਦੋਂ ਅਤੇ ਕਿਵੇਂ ਕੀਤਾ?
2. ਦੁੱਲੇ ਦੇ ਬਾਗੀ ਤਬੀਅਤ ਹੋਣ ਵਿੱਚ ਕਿਹੜੀਆਂ ਕਿਹੜੀਆਂ ਘਟਨਾਵਾਂ ਦਾ ਹੱਥ ਸੀ?
3. ਪੂਰਨ ਭਗਤ ਜੋਗੀ ਕਿਵੇਂ ਬਣਿਆ?